7500-10171-PA Rev A

# ਕੁਇਕ ਸਟਾਰਟ ਗਾਈਡ

## ਐਗਾਮੈਟਰਿਕਸ ਵੇਵ ਸੈਂਸ ਜੈਜ਼ (AgaMatrix WaveSense JAZZ™) ਵਾਇਰਲੈਸ ਬਲੱਡ ਗਲੂਕੋਜ਼ ਮਾਨੀਟਰਿੰਗ ਸਿਸਟਮ

**ਕਸਟਮਰ ਕੇਅਰ: 0800 093 1812**
ਐਮਰਜੇਂਸੀ ਦੀ ਸੂਰਤ ਵਿੱਚ, ਆਪਣੇ ਸਿਹਤ ਸੰਭਾਲ (ਹੈਲਥ ਕੇਅਰ) ਪੇਸ਼ੇਵਰ ਜਾਂ ਐਮਰਜੇਂਸੀ ਮੈਡੀਕਲ ਰਿਸਪਾਂਸ ਨਾਲ ਸੰਪਰਕ ਕਰੋ।

AgaMatrix®




ਆਪਣੇ ਆਪ ਐਪ ਨਾਲ ਤਾਲਮੇਲ ਕਰਦਾ ਹੈ
**Bluetooth® ਵਾਇਰਲੈਸ ਟੈਕਨਾਲੋਜੀ ਰਾਹੀਂ**

ਜੁੜਣ ਅਤੇ ਤਾਲਮੇਲ ਕਰਨ (ਪੇਅਰ ਅਤੇ ਸਿੰਕ ਕਰਨ ) ਸੰਬੰਧੀ ਨਿਰਦੇਸ਼ ਪਿਛਲੇ ਪਾਸੇ ਦੇਖੋ।

### ਰਿਪਲੇਸਮੈਂਟ (ਬਦਲਣ ਲਈ) ਬੈਟਰੀਜ਼ ਸ਼ਾਮਿਲ ਹਨ !

**ਦੋ ਰਿਪਲੇਸਮੈਂਟ CR2032, 3-ਵੋਲਟ, ਲਿਥੀਅਮ ਬੈਟਰੀਜ਼ ਤੁਹਾਡੇ ਮੀਟਰ ਦੇ ਕੈਰਿੰਗ ਕੇਸ ਵਿੱਚ ਸ਼ਾਮਿਲ ਹਨ. ਬੈਟਰੀ ਬਦਲਣ ਸੰਬੰਧੀ ਨਿਰਦੇਸ਼ ਪਿਛਲੇ ਪਾਸੇ ਦੇਖੋ।**

### ਸਿਸਟਮ ਬਾਰੇ

ਐਗਾਮੈਟਰਿਕਸ ਵੇਵ ਸੈਂਸ ਜੈਜ਼ ਵਾਇਰਲੈਸ ਬਲੱਡ ਗਲੂਕੋਜ਼ ਮਾਨੀਟਰਿੰਗ ਸਿਸਟਮ ਤੁਹਾਨੂੰ ਕੈਪਿਲਰੀ ਹੋਲ ਬਲੱਡ ਨਾਲ ਆਪਣੇ ਗਲੂਕੋਜ਼ ਪੱਧਰ ਦੀ ਜਾਂਚ ਕਰਨ ਦੀ ਆਗਿਆ ਦਿੰਦਾ ਹੈ। ਮੁਕੰਮਲ ਹਿਦਾਇਤਾਂ ਲਈ ਤੁਸੀਂ ਆਪਣੀ ਐਗਾਮੈਟਰਿਕਸ ਵੇਵ ਸੈਂਸ ਜੈਜ਼ ਵਾਇਰਲੈਸ ਓਨਰ'ਸ ਗਾਈਡ ਦੇਖੋ।

*ਚਿਤਾਵਨੀ : ਐਗਾਮੈਟਰਿਕਸ ਲੈਂਸਿੰਗ ਡਿਵਾਇਸ ਸਿਰਫ਼ ਇੱਕ ਵਿਅਕਤੀ ਵੱਲੋਂ ਆਪਣਾ ਖ਼ੂਨ ਟੈਸਟ ਕਰਨ ਲਈ ਖ਼ੂਨ ਦਾ ਸੈਂਪਲ ਲੈਣ ਲਈ ਇਸਤੇਮਾਲ ਕੀਤੀ ਜਾਏ। ਕੋਈ ਅਜਿਹੀ ਲੈਂਸੇਟ ਜਾਂ ਲੈਂਸਿੰਗ ਡਿਵਾਇਸ ਇਸਤੇਮਾਲ ਨਾ ਕਰੋ, ਜੋ ਕਿਸੇ ਹੋਰ ਵਿਅਕਤੀ ਵੱਲੋਂ ਵਰਤੀ ਗਈ ਹੋਵੇ।*

### ਬਲੱਡ ਗਲੂਕੋਜ਼ ਮੀਟਰ

**1)** ਡਿਸਪਲੇ ਏਰੀਆ
**2)** ਟੈਸਟ ਸਟ੍ਰਿਪ ਪੋਰਟ
**3)** **ਮੀਟਰ ਬਟਨ :** ਮੀਟਰ ਨੂੰ ਆਨ ਕਰਨ ਲਈ ਦਬਾਓ ਅਤੇ ਪਿਛਲੇ ਗਲੂਕੋਜ਼ ਟੈਸਟ ਨਤੀਜੇ ਦੇਖੋ।








### ਟੈਸਟ ਸਟ੍ਰਿਪ

**1) ਕੌਂਨਟੈਕਟ ਬਾਰਜ਼:** ਟੈਸਟ ਸਟ੍ਰਿਪ ਦੇ ਇਸ ਸਿਰੇ ਨੂੰ ਇਸ ਜਗਹ 'ਤੇ ਅੰਦਰ ਪਾਓ
**2) ਵਿਜ਼ੁਅਲ ਫਿਲ ਵਿੰਡੋ:** ਜਦੋਂ ਕਾਫ਼ੀ ਸੈਂਪਲ ਪਹੁੰਚ ਜਾਏ ਤਾਂ ਇਹ ਪੂਰੀ ਤਰ੍ਹਾਂ ਭਰ ਜਾਂਦੀ ਹੈ
**3) ਸੈਂਪਲ ਏਰੀਆ:** ਬਲੱਡ ਜਾਂ ਕੰਟਰੋਲ ਸੋਲਯੂਸ਼ਨ ਇਸ ਥਾਂ 'ਤੇ ਲਗਾਓ




### ਲੈਂਸਿੰਗ ਸਿਸਟਮ:

**1)** ਕੱਕਿੰਗ ਹੈਂਡਲ
**2)** ਡੈਪਥ ਸਿਲੈਕਟਰ
**3)** ਡੈਪਥ
**4)** ਰਿਲੀਜ਼ ਬਟਨ
**5)** ਲੇਂਸੈਟ ਇਜੈਕਟਰ
**6)** ਲੈਂਸਿੰਗ ਡਿਵਾਇਸ ਬਾੱਡੀ
**7)** ਲੇਂਸੈਟ ਹੋਲਡਰ
**8)** ਲੈਂਸਿੰਗ ਡਿਵਾਇਸ ਕੈਪ
**9)** ਆਲਟਰਨੇਟ ਸਾਇਟ ਟੈਸਟਿੰਗ ਕੈਪ (ਸਾਫ਼)
**10)** ਲੇਂਸੈਟ
**11)** ਲੇਂਸੈਟ ਕਵਰ

*ਨੋਟ: ਤੁਹਾਨੂੰ ਟੈਸਟਿੰਗ ਤੋਂ ਪਹਿਲਾਂ ਮੀਟਰ ਦਾ ਸਮਾਂ ਅਤੇ ਤਾਰੀਖ ਸੈਟ ਕਰਨ ਲਈ ਆਪਣਾ ਮੀਟਰ ਐਗਾਮੈਟਰਿਕਸ ਡਾਇਬੀਟੀਜ਼ ਮੈਨੇਜਰ ਐਪ (ਦ ਐਪ) ਨਾਲ ਜੋੜਣਾ (ਸਿੰਕ ਕਰਨਾ) ਚਾਹੀਦਾ ਹੈ। ਇਸ ਨਾਲ ਇਹ ਯਕੀਨੀ ਬਣੇਗਾ ਕਿ ਮੀਟਰ ਤੋਂ ਨਤੀਜੇ ਵਾਇਰਲੈਸ ਤਰੀਕੇ ਨਾਲ ਐਪ ਨੂੰ ਭੇਜੇ ਜਾਣਗੇ। ਹੋਰ ਵੇਰਵਿਆਂ ਲਈ, ਆਪਣੇ ਕੁਇਕ ਸਟਾਰਟ ਗਾਈਡ ਦੇ ਪਿਛਲੇ ਪਾਸੇ ਜਾਂ ਆਪਣੀ ਓਨਰ'ਸ ਗਾਈਡ ਦੇਖੋ।*


## ਬਲੱਡ ਗਲੂਕੋਜ਼ ਟੈਸਟਿੰਗ ਦੇ ਕਦਮ

*(ਪੂਰੀਆਂ ਹਿਦਾਇਤਾਂ ਲਈ, ਆਪਣੀ ਐਗਾਮੈਟਰਿਕਸ ਵੇਵ ਸੈਂਸ ਜੈਜ਼ ਵਾਇਰਲੈਸ ਓਨਰ'ਸ ਗਾਈਡ ਦੇਖੋ)*

### 1 ਟੈਸਟ ਸਟ੍ਰਿਪ ਨੂੰ ਮੀਟਰ ਵਿੱਚ ਪਾ ਦਿਓ:

ਕੌਂਨਟੈਕਟ ਬਾਰਜ਼ (ਸੰਪਰਕ ਧਾਰੀਆਂ) ਨੂੰ ਉੱਪਰ ਵੱਲ ਰੱਖਦੇ ਹੋਏ ਟੈਸਟ ਸਟ੍ਰਿਪ ਨੂੰ ਟੈਸਟ ਸਟ੍ਰਿਪ ਪੋਰਟ (ਸਟ੍ਰਿਪ ਪਾਉਣ ਦੀ ਜਗਹ) ਵਿੱਚ ਦਾਖ਼ਲ ਕਰੋ। ਮੀਟਰ ਆਪਣੇ ਆਪ ਚਾਲੂ ਹੋ ਜਾਏਗਾ।


*ਸਾਵਧਾਨੀ: ਬਿਲਕੁਲ ਯਕੀਨੀ ਤੌਰ 'ਤੇ ਸਹੀ ਨਤੀਜੇ ਹਾਸਲ ਕਰਨ ਲਈ, ਹਰ ਟੈਸਟ ਤੋਂ ਪਹਿਲਾਂ ਆਪਣੇ ਹੱਥ ਸਾਬਣ ਵਾਲੇ ਕੋਸੇ ਪਾਣੀ ਨਾਲ ਧੋਕੇ ਪੂਰੀ ਤਰ੍ਹਾਂ ਸੁਕਾਓ।*



### 2 ਲੈਂਸ ਦਾ ਟੈਸਟ ਸਾਈਟ (ਟੈਸਟ ਵਾਲੀ ਜਗਹ ਤੇ ਲੈਂਸ ਕਰਨਾ):

ਲੈਂਸਿੰਗ ਡਿਵਾਇਸ ਤਿਆਰ ਕਰਨ ਬਾਰੇ ਨਿਰਦੇਸ਼ਾਂ ਲਈ, ਸੱਜੇ ਪਾਸੇ ਦੇਖੋ।


ਲੈਂਸਿੰਗ ਯੰਤਰ ਨੂੰ ਟੈਸਟ ਦੀ ਜਗਾਹ 'ਤੇ ਦਬਾਓ ਅਤੇ ਰਿਲੀਜ਼ ਬਟਨ ਨੂੰ ਦਬਾਓ।




### 3 ਖ਼ੂਨ ਦੀ ਬੂੰਦ ਪ੍ਰਾਪਤ ਕਰੋ

ਆਪਣੀ ਉਂਗਲੀ ਦੇ ਪੋਟੇ ਦੇ ਹੇਠਲੇ ਪਾਸੇ ਉੱਪਰ ਵੱਲ ਦਬਾਓ, ਜਦੋਂ ਤੱਕ ਕਿ ਖ਼ੂਨ ਦੀ ਛੋਟੀ ਜਿਹੀ ਬੂੰਦ ਨਾ ਬਣ ਜਾਏ।


ਲੈਂਸਡ ਹਿੱਸੇ ਦੁਆਲੇ ਸਿੱਧਿਆਂ ਨਾ ਦਬਾਓ।



### 4 ਟੈਸਟ ਕਰਨ ਵਾਲੀ ਸਟ੍ਰਿਪ ਨੂੰ ਖ਼ੂਨ ਦੇ ਸੈਂਪਲ ਤੱਕ ਲਿਆਓ:


ਮੀਟਰ, ਟੈਸਟ ਸਟ੍ਰਿਪ ਐਨੀਮੇਸ਼ਨ ਰਾਹੀਂ ਅਪਲਾਈ ਸੈਂਪਲ ਦਾ ਵਿਖਾਲਾ ਕਰਦੇ ਹੋਏ, ਸੰਕੇਤ ਦਿੰਦਾ ਹੈ ਕਿ ਇਹ ਹੁਣ ਤੁਹਾਡੇ ਵੱਲੋਂ ਖ਼ੂਨ ਲੈਣ ਲਈ ਤਿਆਰ ਹੈ।

ਟੈਸਟ ਸਟ੍ਰਿਪ ਸੈਂਪਲ ਦੇ ਹਿੱਸੇ ਤੋਂ ਖ਼ੂਨ ਟੈਸਟ ਕਰਨ ਵਾਲੀ ਸਟ੍ਰਿਪ ਵਿੱਚ ਖਿੱਚ ਲੈਂਦੀ ਹੈ।




### 5 ਜਦੋਂ ਟੈਸਟ ਸਟ੍ਰਿਪ ਦੀ ਵਿਜ਼ੁਅਲ ਫਿਲ ਵਿੰਡੋ ਪੂਰੀ ਤਰਾਂ ਲਾਲ ਹੋ ਜਾਏ ਅਤੇ ਮੀਟਰ ਤੋਂ ਬੀਪ ਦੀ ਆਵਾਜ਼ ਆਏ ਟੈਸਟ ਸਟ੍ਰਿਪ ਦੇ ਸਿਰੇ ਨੂੰ ਖ਼ੂਨ ਤੋਂ ਹਟਾ ਲਓ:

ਸੈਂਪਲ ਲੱਗ ਗਿਆ, ਦਾ ਚਿੰਨ੍ਹ ਮੀਟਰ ਦੀ ਸਕ੍ਰੀਨ 'ਤੇ ਦਿਖਾਈ ਦਏਗਾ ਅਤੇ ਜਦੋਂ ਤੁਹਾਨੂੰ ਬਲੱਡ ਸੈਂਪਲ ਤੋਂ ਟੈਸਟ ਸਟ੍ਰਿਪ ਹਟਾਉਣੀ ਚਾਹੀਦੀ ਹੈ ਮੀਟਰ ਬੀਪ ਕਰੇਗਾ।



*ਸਮੁੱਚੀ ਵਿਜ਼ੁਅਲ ਫਿਲ ਵਿੰਡੋ ਲਾਲ ਹੋ ਜਾਏਗੀ।*




ਮੀਟਰ ਦੇ ਡਿਸਪਲੇ 'ਤੇ ਗਣਨਾ ਦੀ ਐਨੀਮੇਸ਼ਨ ਦਿਖਾਈ ਦਏਗੀ ਕਿਉਂਕਿ ਇਹ ਟੈਸਟ ਨਤੀਜੇ ਦੀ ਗਣਨਾ ਕਰ ਰਹੀ ਹੈ।




### 6 ਟੈਸਟ ਨਤੀਜੇ ਅਤੇ ਅੰਤਿਮ ਕਦਮ ਦੇਖੋ:

ਗਣਨਾ ਦੀ ਐਨੀਮੇਸ਼ਨ ਮਗਰੋਂ, ਟੈਸਟ ਨਤੀਜੇ ਮੀਟਰ ਡਿਸਪਲੇ 'ਤੇ ਦਿਖਾਈ ਦੇਣਗੇ। ਟੈਸਟ ਨਤੀਜਾ ਮੀਟਰ ਦੀ ਮੈਮਰੀ ਵਿੱਚ ਸਟੋਰ ਹੁੰਦਾ ਹੈ।




ਵਰਤੀ ਗਈ ਟੈਸਟ ਸਟ੍ਰਿਪ ਨੂੰ ਮੀਟਰ ਤੋਂ ਹਟਾਓ। ਮੀਟਰ ਆਪਣੇ ਆਪ ਬੰਦ ਹੋ ਜਾਏਗਾ।


ਲੈਂਸਿੰਗ ਡਿਵਾਇਸ ਕੈਪ ਨੂੰ ਹਟਾਓ ਅਤੇ ਲੇਂਸੈਟ ਕਵਰ ਬਦਲੋ। ਵਰਤੇ ਗਏ ਲੇਂਸੈਟ ਨੂੰ ਹਟਾ ਦਿਓ।

ਇਸਤੇਮਾਲ ਕੀਤੀ ਗਈ ਟੈਸਟ ਸਟ੍ਰਿਪ ਅਤੇ ਲੇਂਸੈਟ ਨੂੰ ਉਚਿਤ ਢੰਗ ਨਾਲ ਨਸ਼ਟ ਕਰ ਦਿਓ। ਨਿਪਟਾਰੇ ਲਈ ਆਪਣੇ ਸਿਹਤ ਸੰਭਾਲ (ਹੈੱਲਥ ਕੇਅਰ) ਪੇਸ਼ੇਵਰ ਦੇ ਨਿਰਦੇਸ਼ਾਂ ਦੀ ਪਾਲਣਾ ਕਰੋ।




## ਲੈਂਸਿੰਗ ਸਿਸਟਮ ਤਿਆਰ ਕਰੋ


**1** ਲੈਂਸਿੰਗ ਡਿਵਾਇਸ ਤੋਂ ਕੈਪ ਨੂੰ ਮੋੜੋ।




**2** ਲੇਂਸੈਟ ਹੋਲਡਰ ਵਿੱਚ ਨਵੀਂ ਲੇਂਸੈਟ ਮਜ਼ਬੂਤੀ ਨਾਲ ਦਾਖ਼ਲ ਕਰੋ। ਲੇਂਸੈਟ ਨੂੰ ਵਧੇਰੇ ਦਿਖਾਉਣ ਲਈ ਰਿਲੀਜ਼ ਬਟਨ ਦਬਾਓ।




**3** ਲੇਂਸੈਟ ਨੂੰ ਫੜੋ ਅਤੇ ਕਵਰ ਨੂੰ ਮੋੜੋ।




**4** ਲੈਂਸਿੰਗ ਡਿਵਾਇਸ ਕੈਪ ਬਦਲੋ।



**5** ਸਕਿਨ ਪੇਨੇਟ੍ਰੇਸ਼ਨ ਡੈਪਥ (ਤਵੱਚਾ ਵਿੱਚ ਕਿੰਨੀ ਡੂੰਗੀ) ਤੈਅ ਕਰੋ।




**6** ਕੱਕਿੰਗ ਹੈਂਡਲ ਨੂੰ ਉਦੋਂ ਤੱਕ ਬਾਹਰ ਵੱਲ ਖਿਚੋ ਜਦੋਂ ਤੱਕ ਇਹ ਕਲਿੱਕ ਨਾ ਕਰੇ।



©2018 AgaMatrix, Inc. ਸਾਰੇ ਅਧਿਕਾਰ ਰਾਖਵੇਂ ਹਨ। ਸਾਰੇ ਟ੍ਰੇਡਮਾਰਕ ਅਤੇ/ਜਾਂ ਕਾਪੀਰਾਇਟ ਉਹਨਾਂ ਦੇ ਸੰਬੰਧਿਤ ਮਾਲਕਾਂ ਦੀ ਸੰਪਤੀ ਹਨ। ਪੇਟੈਂਟ ਜਾਣਕਾਰੀ ਲਈ, ਦੇਖੋ www.agamatrix.com/patents

# ਕੁਇਕ ਸਟਾਰਟ ਗਾਈਡ

**ਐਗਾਮੈਟਰਿਕਸ ਵੇਵ ਸੈਂਸ ਜੈਜ਼ (AgaMatrix WaveSense JAZZ™)**
**ਵਾਇਰਲੈਸ ਬਲੱਡ ਗਲੂਕੋਜ਼ ਮਾਨੀਟਰਿੰਗ ਸਿਸਟਮ**





**ਆਪਣੇ ਆਪ ਐਪ ਨਾਲ ਤਾਲਮੇਲ ਕਰਦਾ ਹੈ**
**Bluetooth® ਵਾਇਰਲੈਸ ਟੈਕਨਾੱਲੋਜੀ ਰਾਹੀਂ**

*ਨੋਟ : ਤੁਹਾਨੂੰ ਟੈਸਟਿੰਗ ਤੋਂ ਪਹਿਲਾਂ ਮੀਟਰ ਦਾ ਸਮਾਂ ਅਤੇ ਤਾਰੀਖ ਸੈਟ ਕਰਨ ਲਈ ਆਪਣਾ ਮੀਟਰ ਐਗਾਮੈਟਰਿਕਸ ਡਾਇਬੀਟੀਜ਼ ਮੈਨਜੇਰ ਐਪ (ਦ ਐਪ)ਨਾਲ ਜੋੜਣਾ (ਸਿੰਕ ਕਰਨਾ) ਚਾਹੀਦਾ ਹੈ. ਇਸ ਨਾਲ ਇਹ ਯਕੀਨੀ ਬਣੇਗਾ ਕਿ ਮੀਟਰ ਤੋਂ ਨਤੀਜੇ ਵਾਇਰਲੈਸ ਤਰੀਕੇ ਨਾਲ ਐਪ ਨੂੰ ਭੇਜੇ ਜਾਣਗੇ।*


## ਬੈਟਰੀਜ਼ ਰਿਪਲੇਸਮੈਂਟ (ਬਦਲਣ ਬਾਰੇ ) ਨਿਰਦੇਸ਼

***ਜ਼ਰੂਰੀ: ਐਗਾਮੈਟਰਿਕਸ ਵੇਵ ਸੈਂਸ ਜੈਜ਼ ਵਾਇਰਲੈਸ ਮੀਟਰ ਨਾਲ ਸਿਰਫ਼ CR2032 ਜਾਂ DL2032 ਬੈਟਰੀਜ਼ ਇਸਤੇਮਾਲ ਕਰੋ.***

### ਬੈਟਰੀ ਡਿਸਪਲੇ ਸੰਦੇਸ਼



**ਲੋ-ਬੈਟਰੀ ਸੰਦੇਸ਼:** *(ਇਹ ਸੰਦੇਸ਼ 2 ਸੈਕੰਡ ਲਈ ਦਿੱਸੇਗਾ)।*
ਤੁਸੀਂ ਲੋ ਬੈਟਰੀ ਸੰਦੇਸ਼ ਦੇਖਣ ਤੋਂ ਬਾਅਦ ਵੀ ਟੈਸਟ ਕਰ ਸਕਦੇ ਹੋ, ਪਰ ਬੈਟਰੀਜ਼ ਜਿੰਨੀ ਛੇਤੀ ਸੰਭਵ ਹੋਏ, ਬਦਲ ਦੇਣੀਆਂ ਚਾਹੀਦੀਆਂ ਹਨ. ਸਿਰਫ਼ CR2032 ਜਾਂ DL2032 ਬੈਟਰੀਜ਼ ਇਸਤੇਮਾਲ ਕਰੋ।



**ਡੈਡ-ਬੈਟਰੀ ਸੰਦੇਸ਼:** ਤੁਹਾਡੇ ਮੀਟਰ ਵਿਚਲੀ ਬੈਟਰੀਜ਼ ਵਿੱਚ ਤੁਹਾਡੇ ਮੀਟਰ ਨੂੰ ਐਕਟੀਵੇਟ ਕਰਨ ਅਤੇ ਟੈਸਟ ਕਰਨ ਜਿੰਨੀ ਪਾਵਰ ਨਹੀਂ ਹੈ, ਬੈਟਰੀਜ਼ ਬਦਲੀਆਂ ਚਾਹੀਦੀਆਂ ਹਨ।


### ਬੈਟਰੀਜ਼ ਬਦਲਣਾ: *(ਹੋਰ ਵੇਰਵਿਆਂ ਲਈ, ਤੁਸੀਂ ਆਪਣੀ ਐਗਾਮੈਟਰਿਕਸ ਵੇਵ ਸੈਂਸ ਜੈਜ਼ ਵਾਇਰਲੈਸ ਓਨਰ'ਸ ਗਾਈਡ ਦੇਖੋ।)*

***ਮਹੱਤਵਪੂਰਨ: ਜਦੋਂ ਬੈਟਰੀਜ਼ ਬਦਲੀਆਂ ਜਾਂਦੀਆਂ ਹਨ ਤਾਂ, ਤੁਹਾਡੇ ਮੀਟਰ ਤੋਂ ਸਮਾਂ ਅਤੇ ਤਾਰੀਖ ਮਿਟ ਜਾਏਗੀ। ਤੁਹਾਨੂੰ ਇਹ ਯਕੀਨੀ ਬਣਾਉਣ ਲਈ ਕਿ ਤੁਹਾਡੀਆਂ ਰੀਡਿੰਗਸ 'ਤੇ ਸਮਾਂ ਅਤੇ ਤਾਰੀਖ ਹੋਏ, ਆਪਣਾ ਮੀਟਰ ਆਪਣੇ ਸਪੋਰਟਿਡ ਡਿਵਾਇਸ ਨਾਲ ਜੋੜਣਾ ਚਾਹੀਦਾ ਹੈ। ਆਪਣਾ ਮੀਟਰ ਸਿੰਕ ਕਰਨ ਲਈ, ਸੱਜੇ ਪਾਸੇ ਨਿਰਦੇਸ਼ ਦੇਖੋ।***

*ਨੋਟ: ਬੈਟਰੀਜ਼ ਹਟਾਉਣ ਨਾਲ ਸਟੋਰ ਕੀਤੇ ਗਲੂਕੋਜ਼ ਰਿਕਾਰਡਸ 'ਤੇ ਕੋਈ ਅਸਰ ਨਹੀਂ ਪੈਂਦਾ।*


**1 ਬੈਟਰੀ ਡੋਰ ਖੋਲ੍ਹੋ:**

ਯਕੀਨੀ ਬਣਾਓ ਕਿ ਤੁਹਾਡਾ ਮੀਟਰ ਆਫ਼ ਹੈ। ਮੀਟਰ ਨੂੰ ਪਲਟੋ ਤਾਂ ਤੁਹਾਨੂੰ ਬੈਟਰੀ ਡੋਰ ਨਜ਼ਰ ਆਏਗਾ। ਬੈਟਰੀ ਡੋਰ ਨੂੰ ਮੀਟਰ ਤੋਂ ਸਲਾਇਡ ਕਰੋ।



**2 ਇਸਤੇਮਾਲ ਕੀਤੀਆਂ ਬੈਟਰੀਜ਼ ਹਟਾਓ:**

ਇਸਤੇਮਾਲ ਕੀਤੀਆਂ ਬੈਟਰੀਜ਼ ਨੂੰ ਗੈਰ ਧਾਤੂ ਸੰਦ ਨਾਲ ਹਟਾਓ।




*ਇਸਤੇਮਾਲ ਕੀਤੀਆਂ ਬੈਟਰੀਜ਼*

**3 ਨਵੀਆਂ ਬੈਟਰੀਜ਼ ਲਗਾਉਣਾ:**

**ਦੋ ਰਿਪਲੇਸਮੈਂਟ ਬੈਟਰੀਜ਼ ਤੁਹਾਡੇ ਮੀਟਰ ਦੇ ਕੈਰਿੰਗ ਕੇਸ ਦੀ ਜੇਬ ਵਿੱਚ ਸ਼ਾਮਿਲ ਹਨ।** ਰਿਪਲੇਸਮੈਂਟ ਬੈਟਰੀਜ਼ ਦਾ ਪਤਾ ਲਾਓ।


ਨਵੀਆਂ ਬੈਟਰੀਜ਼ ਪਾਜ਼ਿਟਿਵ (+) ਸਾਈਡ ਦੇ ਉੱਪਰ ਤੁਹਾਡੇ ਵੱਲ ਰੱਖਦੇ ਹੋਏ ਲਗਾਓ।



*ਨਵੀਆਂ ਬੈਟਰੀਜ਼*

**4 ਬੈਟਰੀ ਡੋਰ ਬੰਦ ਕਰੋ:**

ਬੈਟਰੀ ਡੋਰ ਨੂੰ ਮੀਟਰ 'ਤੇ ਸਲਾਇਡ ਕਰੋ। ਯਕੀਨੀ ਬਣਾਓ ਕਿ ਮੀਟਰ ਦੀ ਵਰਤੋਂ ਤੋਂ ਪਹਿਲਾਂ ਬੈਟਰੀ ਡੋਰ ਪੂਰੀ ਤਰਾਂ ਬੰਦ ਹੋਏ।



ਕਿਰਪਾ ਕਰਕੇ ਇਸਤੇਮਾਲ ਕੀਤੀਆਂ ਬੈਟਰੀਜ਼ ਦਾ ਢੁਕਿਰਦੇ ਸੰਬੰਧੀ ਆਪਣੇ ਸਥਾਨਕ ਨਿਯਮਾਂ ਅਨੁਸਾਰ ਨਿਪਟਾਰਾ ਕਰੋ।

## ਪੇਅਰਿੰਗ ਅਤੇ ਸਿੰਕਿੰਗ ਨਿਰਦੇਸ਼

ਐਗਾਮੈਟਰਿਕਸ ਡਾਇਬੀਟੀਜ਼ ਮੈਨਜੇਰ ਐਪ ਕਈ ਕਿਸਮ ਦੇ ਆਈਓਜ਼ ਅਤੇ Android™ ਡਿਵਾਇਸ 'ਤੇ ਕੰਮ ਕਰਦੀ ਹੈ। ਸੋਧੀ ਗਈ ਸੂਚੀ ਲਈ www.agamatrix.co.uk 'ਤੇ ਜਾਓ।

### ਆਪਣੇ ਮੀਟਰ ਨੂੰ ਐਪ ਨਾਲ ਪੇਅਰ ਅਤੇ ਸਿੰਕ ਕਰਨਾ

ਐਗਾਮੈਟਰਿਕਸ ਵੇਵ ਸੈਂਸ ਜੈਜ਼ ਵਾਇਰਲੈਸ ਮੀਟਰ ਨੂੰ ਗਲੂਕੋਜ਼ ਨਤੀਜੇ ਸਿੱਧਿਆਂ ਆਪਣੇ iOS ਜਾਂ ਐਂਡਰਾਇਡ ਡਿਵਾਇਸ ਨਾਲ ਸਿੰਕ ਕਰਨ ਲਈ ਐਗਾਮੈਟਰਿਕਸ ਡਾਇਬੀਟੀਜ਼ ਮੈਨਜੇਰ ਐਪ (ਦ ਐਪ) ਦਾ ਇਸਤੇਮਾਲ ਕਰੋ।

ਤੁਹਾਨੂੰ ਟੈਸਟ ਕਰਨ ਤੋਂ ਪਹਿਲਾਂ ਆਪਣੇ ਮੀਟਰ ਦਾ ਸਮਾਂ ਅਤੇ ਤਾਰੀਖ ਸੈਟ ਕਰਨ ਲਈ ਆਪਣਾ ਮੀਟਰ ਐਗਾਮੈਟਰਿਕਸ ਡਾਇਬੀਟੀਜ਼ ਮੈਨਜੇਰ ਐਪ ਨਾਲ ਸਿੰਕ ਕਰਨਾ ਚਾਹੀਦਾ ਹੈ. ਸੈਟ ਕੀਤੇ ਸਮੇਂ ਅਤੇ ਤਾਰੀਖ ਤੋਂ ਬਿਨਾ ਟੈਸਟ ਨਤੀਜੇ ਤੁਹਾਡੇ ਮੀਟਰ 'ਤੇ ਸਮੇਂ ਅਤੇ ਤਾਰੀਖ ਦੀ ਬਜਾਏ "--:--" ਅਤੇ "--/--" ਨਾਲ ਡਿਸਪਲੇ ਹੋਣਗੇ।

**1 ਐਪ ਡਾਉਨਲੋਡ ਕਰੋ ਅਤੇ ਖੋਲ੍ਹੋ:**

(ਐਪਲ ਡਿਵਾਇਸ ਲਈ) App Store℠ ਤੋਂ ਜਾਂ (ਐਂਡਰਾਇਡ ਡਿਵਾਇਸ ਲਈ) Google Play™ ਤੋਂ ਐਗਾਮੈਟਰਿਕਸ ਡਾਇਬੀਟੀਜ਼ ਮੈਨਜੇਰ ਐਪ (ਦ ਐਪ) ਡਾਉਨਲੋਡ ਕਰੋ।





ਆਪਣੇ ਸਪੋਰਟਿਡ ਡਿਵਾਇਸ 'ਤੇ ਐਪ ਆਈਕੋਨ 'ਤੇ ਟੈਪ ਕਰੋ।

Download on the App Store | GET IT ON Google Play

**2 ਮੇਨੂ ਆਈਕੋਨ ਤੱਕ ਨੈਵੀਗੇਟ ਕਰੋ:**

ਤਿੰਨ ਲਾਈਨਾਂ ਦੇ ਬਣੇ ਆਈਕੋਨ 'ਤੇ ਟੈਪ ਕਰੋ।




**3 ਨਵਾਂ ਮੀਟਰ ਐਡ ਕਰੋ:**

**"ਮੀਟਰ"** 'ਤੇ ਟੈਪ ਕਰੋ। **"ਇੱਕ ਨਵਾਂ ਮੀਟਰ ਜੋੜੋ"** ਟੈਪ ਕਰੋ।
ਆਪਣੇ ਮੀਟਰ 'ਤੇ, ਮੀਟਰ ਬਟਨ ਨੂੰ ਪ੍ਰੈਸ ਅਤੇ ਹੋਲਡ ਕਰੋ।
ਆਪਣਾ ਮੀਟਰ ਸਿਲੈਕਟ ਕਰੋ ਜਦੋਂ ਇਹ ਐਪ 'ਤੇ ਨਜ਼ਰ ਆਏ।

**4 ਪਾਸ-ਕੀ ਐਂਟਰ ਕਰੋ**

ਮੀਟਰ 'ਤੇ ਇੱਕ 6 ਅੰਕਾਂ ਦੀ ਪਾਸ ਕੀ ਦਿਖਾਈ ਦਏਗੀ।
ਐਪ ਵਿੱਚ ਪਾਸ-ਕੀ ਨੰਬਰ ਟਾਈਪ ਕਰੋ।

*ਪਾਸ-ਕੀ ਦਾ ਉਦਾਹਰਨ:*




**5 ਪੇਅਰਿੰਗ ਦੇ ਸਫਲ ਹੋਣ ਦੀ ਪੁਸ਼ਟੀ ਕਰਨਾ**


ਮੀਟਰ ਅਤੇ ਐਪ ਦੋਵੇਂ ਸੰਕੇਤ ਕਰਨਗੇ ਕਿ ਪੇਅਰਿੰਗ ਸਫਲ ਰਹੀ ਹੈ। ਮੀਟਰ 'ਤੇ ਸਹੀ ਦਾ ਨਿਸ਼ਾਨ ਹੋਏਗਾ ਅਤੇ ਐਪ 'ਤੇ ਸੰਦੇਸ਼ ਦਿੱਸੇਗਾ।

*ਸਹੀ ਦੇ ਨਿਸ਼ਾਨ ਦਾ ਉਦਾਹਰਨ:*



**6 ਡਾਟਾ ਸਿੰਕ ਕਰੋ:**

ਆਪਣੇ ਮੀਟਰ ਦੇ ਤੁਹਾਡੇ ਡਿਵਾਇਸ ਦੇ ਨਾਲ ਪੇਅਰ ਹੋਣ ਮਗਰੋਂ, ਇਹ ਹਰ ਵਾਰ ਜਦੋਂ ਇਹ ਤੁਹਾਡੇ ਪੇਅਰਡ ਡਿਵਾਇਸ ਦੇ ਨੇੜੇ ਹੋਏਗਾ, ਡਾਟਾ ਸਿੰਕ ਜਾਂ ਟ੍ਰਾਂਸਫਰ ਕਰੇਗਾ।



10 ਮੀਟਰ

*ਨੋਟ: ਡਾਟਾ ਪੇਅਰ ਅਤੇ ਟ੍ਰਾਂਸਫਰ ਕਰਨ ਲਈ ਮੀਟਰ ਅਤੇ ਐਪ ਇੱਕ ਦੂਜੇ ਤੋਂ 10 ਮੀਟਰ ਦੇ ਅੰਦਰ ਹੋਣੇ ਚਾਹੀਦੇ ਹਨ।*


CE 0123 AgaMatrix, Inc. 7C Raymond Ave Salem, NH 03079 USA EC REP MDSS GmbH, Schiffgraben 41 30175 Hannover, Germany



Bluetooth® ਵਰਡ ਮਾਰਕ ਅਤੇ ਲੋਗੋ Bluetooth® SIG, Inc. ਦੀ ਮਾਲਕੀ 'ਚ ਹਨ ਅਤੇ AgaMatrix, Inc. ਦੁਆਰਾ ਅਜਿਹੇ ਚਿੰਨ੍ਹਾਂ ਦੀ ਕੋਈ ਵੀ ਵਰਤੋਂ ਲਾਈਸੈਂਸ ਤਹਿਤ ਹੈ। ਹੋਰ ਟ੍ਰੇਡਮਾਰਕ ਅਤੇ ਟ੍ਰੇਡਨੇਮ ਆਪਣੇ ਸੰਬੰਧਤ ਮਾਲਕਾਂ ਦੇ ਹਨ। Apple ਅਤੇ ਐਪਲ ਲੋਗੋ ਯੂ. ਐੱਸ. ਅਤੇ ਦੂਜੇ ਦੇਸ਼ਾਂ ਵਿੱਚ ਰਜਿਸਟਰਡ Apple Inc., ਦੇ ਟ੍ਰੇਡਮਾਰਕ ਹਨ। App Store Apple Inc. ਦਾ ਸਰਵਿਸ ਮਾਰਕ ਹੈ। Android Google Inc. ਦਾ ਟ੍ਰੇਡਮਾਰਕ ਹੈ, Google Play Google Inc. ਦਾ ਟ੍ਰੇਡਮਾਰਕ ਹੈ।